ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ,ਲਿਮਟਿਡ
(ਦਫ਼ਤਰ ਪ੍ਰਮੁੱਖ ਇੰਜ:ਐਚ.ਆਰ.ਡੀ.)
(ਬੋਰਡ ਭਾਗ)

ਵਿਸ਼ਾ: ਭਾਰਤ ਦੀ ਆਜਾਦੀ ਲਈ ਭਾਰਤ ਸਰਕਾਰ ਵਲੋਂ ਮਾਨਤਾ ਪ੍ਰਾਪਤ ਲਹਿਰਾਂ ਵਿਚ ਹਿਸਾ ਲੈਣ ਵਾਲੇ ਸੁਤੰਤਰਤਾ ਸੰਗਰਾਮੀਆਂ ਦੇ ਵਾਰਸਾਂ ਨੂੰ ਸੁਤੰਤਰਤਾ ਸੰਗਰਾਮੀ ਸਰਟੀਫਿਕੇਟ ਜਾਰੀ ਕਰਨ ਬਾਰੇ।

ਵਿਸ਼ੇ ਸੰਬੰਧੀ ਪੰਜਾਬ ਸਰਕਾਰ ਆਮ ਰਾਜ ਪ੍ਰਬਧ ਵਿਭਾਗ,ਚੰਡੀਗੜ੍ਹ ਵਲੋਂ ਪ੍ਰਾਪਤ ਹੋਏ 14/4/2011-2ਫਫ/1315-18 ਮਿਤੀ 19/10/12 ਦੀ ਕਾਪੀ ਆਪ ਦੇ ਦਫਤਰ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਇਸ ਮਾਮਲੇ ਸੰਬੰਧੀ ਲੋੜੀਂਦੀ ਕਾਰਵਾਈ ਕੀਤੀ ਜਾਵੇ ਜੀ।

30/11/12

ਅਧੀਨ ਸਕੱਤਰ/ਲਾਇਜਨ
ਪੰ.ਸ.ਪ.ਕ.ਲਿਮ.,ਪਟਿਆਲਾ।

ਵੱਲ

ਸਾਰੇ ਪ੍ਰਮੁੱਖ ਇੰਜਨਿਅਰ/ਮੁੱਖ ਇੰਜਨਿਅਰ ਅਤੇ ਸਮੂਹ ਵਿਭਾਗਾਂ ਦੇ ਮੁਖੀ, ਅਧੀਨ ਪੀ.ਐਸ.ਪੀ.ਸੀ.ਐਲ..ਪਟਿਆਲਾ।

ਨੰ: 84923/63 ਮਿਤੀ 30-11-12

~~ਸੰਮੀ~~:

ਉਪ ਮੁੱਖ ਇੰਜ:/ਆਈ ਟੀ, ਪੀਐਸਪੀਸੀਐਲ, ਪਟਿਆਲਾ ਨੂੰ ਪ੍ਰਮੁੱਖ ਇੰਜਨਿਅਰ/ਐਚਆਰਡੀ ਦੀ ਵੈਬ ਸਾਈਟ ਤੇ ਪਾਉਣ ਸੰਬੰਧੀ।

ਦਫ਼ਤਰ - ਉਪ ਮੁੱਖ ਇੰਜੀ:/ਐਚ.ਆਰ.ਡੀ.
ਡਾਇਰੀ ਨੰ:......3615..............
ਮਿਤੀ:..............16.11.12.............

ਪੰਜਾਬ ਸਰਕਾਰ
ਆਮ ਰਾਜ ਪ੍ਰਬੰਧ ਵਿਭਾਗ
(ਸੁਤੰਤਰਤਾ ਸੰਗਰਾਮੀ ਸਾਖਾ)

ਕਮਰਾ ਨੰ:524,5ਵੀਂ ਮੰਜਿਲ ,ਪੰਜਾਬ ਸਿਵਲ ਸਕੱਤਰੇਤ-2,ਸੈਕਟਰ-9,ਚੰਡੀਗੜ੍ਹ।
ਫੋਨ ਨੰ:0172-2742243 **Ext.** 419
**Email :superintendentfreedomfighterbranch @gmail.com.**

DS/RTI Board Sealior 16/11/12

ਸੇਵਾ ਵਿਖੇ

ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।

Director HR 8/11/12
EIC HRD

ਮੀਮੋ ਨੰ:14/4/2011-2ਫਫ/1314
ਮਿਤੀ,ਚੰਡੀਗੜ੍ਹ: 19-10-2012

ਵਿਸ਼ਾ:- ਭਾਰਤ ਦੀ ਆਜ਼ਾਦੀ ਲਈ ਭਾਰਤ ਸਰਕਾਰ ਵੱਲੋ ਮਾਨਤਾ ਪ੍ਰਾਪਤ ਲਹਿਰਾਂ ਵਿੱਚ ਹਿੱਸਾ ਲੈਣ ਵਾਲੇ ਸੁਤੰਤਰਤਾ ਸੰਗਰਾਮੀਆਂ ਦੇ ਵਾਰਸਾਂ ਨੂੰ ਸੁਤੰਤਰਤਾ ਸੰਗਰਾਮੀ ਸਰਟੀਫਿਕੇਟ ਜਾਰੀ ਕਰਨ ਬਾਰੇ ।

ਕ੍ਰਿਪਾ ਕਰਕੇ ਉਪਰੋਕਤ ਵਿਸ਼ੇ ਤੇ ਸਰਕਾਰ ਦੇ ਪੱਤਰ ਨੰ:13/16/2010-3ਫਫ/959, ਮਿਤੀ: 28.07.2011 ਵੱਲ ਧਿਆਨ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ ।

2. ਸਰਕਾਰ ਦੇ ਉਪਰੋਕਤ ਪੱਤਰ ਦੇ ਪੈਰਾ ਨੰ:3 ਵਿੱਚ ਇਹ ਸਪਸ਼ਟ ਕੀਤਾ ਗਿਆ ਸੀ ਜਿਹਨਾਂ ਸੁਤੰਤਰਤਾ ਸੰਗਰਾਮੀਆਂ ਨੇ ਕਿਸੇ ਕਾਰਨ ਪੰਜਾਬ ਰਾਜ ਦੀ ਪੈਨਸ਼ਨ ਜਾਂ ਤਾਮਰ ਪੱਤਰ ਪ੍ਰਾਪਤ ਨਹੀਂ ਕੀਤਾ, ਉਨ੍ਹਾਂ ਦੇ ਬੱਚਿਆਂ, ਪੋਤੇ-ਪੋਤੀਆਂ ਅਤੇ ਦੋਹਤੇ/ਦੋਹਤੀਆਂ ਨੂੰ ਪੰਜਾਬ ਸਰਕਾਰ ਵੱਲੋ ਫਰੀਡਮ ਫਾਈਟਰ ਸਰਟੀਫਿਕੇਟ ਜਾਰੀ ਕੀਤਾ ਜਾਵੇਗਾ ਅਤੇ ਜਿਹਨਾਂ ਸੁਤੰਤਰਤਾ ਸੰਗਰਾਮੀਆਂ ਨੂੰ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਵੱਲੋਂ ਮਾਨਤਾ ਪ੍ਰਾਪਤ ਲਹਿਰਾਂ ਵਿੱਚ ਹਿੱਸਾ ਲੈਣ ਕਾਰਨ ਤਾਮਰ ਪੱਤਰ ਮਿਲਿਆ ਹੈ ਉਹਨਾਂ ਕੇਸਾਂ ਵਿੱਚ ਸੁਤੰਤਰਤਾ ਸੰਗਰਾਮੀਆਂ ਦੇ ਬੱਚਿਆਂ, ਪੋਤੇ-ਪੋਤੀਆਂ ਅਤੇ ਦੋਹਤੇ/ਦੋਹਤੀਆਂ ਨੂੰ ਸੁਤੰਤਰਤਾ ਸੰਗਰਾਮੀ ਸਰਟੀਫਿਕੇਟ ਸਬੰਧਤ ਜਿਲੇ ਦੇ ਡਿਪਟੀ ਕਮਿਸ਼ਨਰ ਵੱਲੋ ਜਾਰੀ ਕੀਤਾ ਜਾਵੇਗਾ ।

3. ਸਰਕਾਰ ਵੱਲੋਂ ਇਸ ਮਾਮਲੇ ਨੂੰ ਮੁੜ ਵਿਚਾਰਿਆ ਗਿਆ ਅਤੇ ਇਹ ਵੇਖਿਆ ਗਿਆ ਕਿ ਸੁਤੰਤਰਤਾ ਸੰਗਰਾਮੀ ਸਰਟੀਫਿਕੇਟ ਜਾਰੀ ਕਰਨ ਸਬੰਧੀਂ ਲੋੜੀਂਦਾ ਰਿਕਾਰਡ ਸਬੰਧਤ ਡਿਪਟੀ ਕਮਿਸ਼ਨਰ ਦੇ ਦਫਤਰ ਵਿੱਚ ਉਪਲਬੱਧ ਹੁੰਦਾ ਹੈ ਜਿਸ ਦੇ ਆਧਾਰ ਤੇ ਸਬੰਧਤ ਸੁਤੰਤਰਤਾ ਸੰਗਰਾਮੀਆਂ ਦੇ ਵਾਰਸਾਂ ਨੂੰ ਸਰਟੀਫਿਕੇਟ ਜਾਰੀ ਕੀਤਾ ਜਾਣਾ ਹੁੰਦਾ ਹੈ ।ਇਸ ਨੂੰ ਮੱਦੇਨਜ਼ਰ ਰੱਖਦੇ ਹੋਏ ਇਹ ਵੀ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਸੁਤੰਤਰਤਾ ਸੰਗਰਾਮੀਆਂ ਨੇ ਕਾਮਾਗਾਟਾਮਾਰੂ, ਕੂਕਾ ਅਤੇ ਜਲ੍ਹਿਆਂਵਾਲਾ ਬਾਗ ਲਹਿਰਾ ਅਤੇ ਹੋਰ ਭਾਰਤ ਸਰਕਾਰ/ਰਾਜ ਸਰਕਾਰ ਤੋਂ ਮਾਨਤਾ ਪ੍ਰਾਪਤ ਲਹਿਰਾਂ ਵਿੱਚ ਭਾਗ ਲਿਆ ਹੈ, ਦਾ ਲੋੜੀਂਦਾ ਰਿਕਾਰਡ/ਸਬੂਤ ਸਬੰਧਤ ਡਿਪਟੀ ਕਮਿਸਨਰ ਦੇ ਦਫਤਰ ਵਿੱਚ ਉਪਲਬੱਧ ਹੋਵੇ, ਨੂੰ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਵੱਲੋਂ ਪੈਂਨਸ਼ਨ ਮੰਨਜੂਰ ਹੋਈ ਹੈ ਜਾਂ ਮੰਨਜੂਰ ਹੋਣੀ ਹੈ, ਦੇ ਵਾਰਸਾਂ ਨੂੰ ਸੁਤੰਤਰਤਾ ਸੰਗਰਾਮੀ ਸਰਟੀਫਿਕੇਟ ਸਬੰਧਤ ਜਿਲੇ ਦੇ ਡਿਪਟੀ ਕਮਿਸ਼ਨਰ ਵੱਲੋ ਹੀ ਜਾਰੀ ਕੀਤਾ ਜਾਵੇਗਾ ।

4. ਸਰਟੀਫਿਕੇਟ ਜਾਰੀ ਕਰਦੇ ਸਮੇਂ ਸਰਟੀਫਿਕੇਟ ਵਿੱਚ ਇਹ ਜ਼ਰੂਰ ਜ਼ਿਕਰ ਕੀਤਾ ਜਾਵੇ ਕਿ ਸਬੰਧਤ ਸੁਤੰਤਰਤਾ ਸੰਗਰਾਮੀ ਨੇ ਸਰਕਾਰ ਦੇ ਪੱਤਰ ਮਿਤੀ: 28.07.2011 ਦੇ ਨਾਲ ਨੱਥੀ ਅਨੁਲੱਗ-ੳ ਵਿੱਚ ਦਰਜ ਕਿਹੜੀ ਮਾਨਤਾ ਪ੍ਰਾਪਤ ਲਹਿਰ ਵਿੱਚ ਹਿੱਸਾ ਲਿਆ ਸੀ ।

Diary No......375......EIC/HRD
Date.......15-11-12......

ਲਗਾਤਾਰ ਪੰਨਾ-2

5. ਇਹ ਪੱਤਰ ਮਾਨਯੋਗ ਮੁੱਖ ਮੰਤਰੀ, ਪੰਜਾਬ ਜੀ ਦੇ ਸੁਤੰਤਰਤਾ ਸੰਗਰਾਮੀ ਵਿਭਾਗ ਦੇ ਮੰਤਰੀ ਇੰਚਾਰਜ ਹੋਣ ਦੇ ਨਾਤੇ ਉਹਨਾਂ ਵੱਲੋਂ ਮਿਤੀ 25.08.2012 ਨੂੰ ਫਾਈਲ ਨੰ:14/4/2011-2ਫਫ ਵਿੱਚ ਦਿੱਤੀ ਗਈ ਪ੍ਰਵਾਨਗੀ ਦੇ ਆਧਾਰ ਤੇ ਜਾਰੀ ਕੀਤਾ ਜਾਂਦਾ ਹੈ ।

6. ਇਹਨਾਂ ਹੁਕਮਾਂ ਦੀ ਇੰਨ-ਬਿੰਨ ਤਾਮੀਲ ਕੀਤੀ ਜਾਵੇ ।

ਵਿਸ਼ਵਾਸ਼ਪਾਤਰ,

(ਮਨੋਹਰ ਲਾਲ ਬੰਗੜ)
ਸੁਪਰਡੰਟ

ਪਿੱਠ ਅੰਕਣ ਨੰ:14/4/2011-2ਫਫ/1315-18 ਮਿਤੀ,ਚੰਡੀਗੜ੍ਹ: 19-10-2012

ਇਸ ਦਾ ਇੱਕ ਉਤਾਰਾ:-

1. ਸਮੂਹ ਵਿਭਾਗਾਂ ਦੇ ਮੁੱਖੀ;
2. ਸਕੱਤਰ, ਪੰਜਾਬ ਲੋਕ ਸੇਵਾ ਕਮਿਸਨ, ਪਟਿਆਲਾ;
3. ਸਕੱਤਰ, ਅਧੀਨ ਸੇਵਾਵਾਂ ਚੋਣ ਬੋਰਡ, ਮੋਹਾਲੀ;
4. ਰਾਜ ਸਰਕਾਰ ਦੇ ਅਧੀਨ ਸਾਰੇ ਅਰਧ ਸਰਕਾਰੀ ਅਦਾਰੇ ਬੋਰਡ ਅਤੇ ਕਾਰਪੋਰੇਸ਼ਨਾਂ;

ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

(ਮਨੋਹਰ ਲਾਲ ਬੰਗੜ)
ਸੁਪਰਡੰਟ

ਇਸ ਦਾ ਇੱਕ ਉਤਾਰਾ ਸਮੂਹ ਵਿੱਤੀ ਕਮਿਸ਼ਨਰਾਂ ਅਤੇ ਪ੍ਰਬੰਧਕੀ ਸਕੱਤਰਾਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈ ।

(ਮਨੋਹਰ ਲਾਲ ਬੰਗੜ)
ਸੁਪਰਡੰਟ

ਸੇਵਾ ਵਿਖੇ

ਸਮੂਹ ਵਿੱਤੀ ਕਮਿਸ਼ਨਰਜ਼ ਅਤੇ ਪ੍ਰਬੰਧਕੀ ਸਕੱਤਰ ।

ਅੰ:ਵਿ:ਪੱ:ਨੰ:14/4/2011-2ਫਫ/1319 ਮਿਤੀ,ਚੰਡੀਗੜ੍ਹ:19-10-2012